# ਕਲਾ ਦੇ ਝਰੋਖੇ ਤੋਂ

2nd April 95

ਗੁਰਸ਼ਰਨ ਸਿੰਘ

**ਵਾਦ-ਵਿਵਾਦ ਵਾਲੇ ਸਮਕਾਲੀ ਵਿਸ਼ਿਆਂ 'ਤੇ ਫੀਚਰ ਫਿਲਮਾਂ**

ਪੰਜ ਸੌ ਸਾਲ ਪਹਿਲਾਂ ਇਥੇ ਇਕ ਮੰਦਰ ਹੁੰਦਾ ਸੀ, ਉਹ ਕਿਸ ਨੇ ਬਰਬਾਦ ਕੀਤਾ? ਜਾਓ ਜਾ ਕੇ ਸਰਕਾਰ ਕੋਲੋਂ ਪੁੱਛੋ ਜਿਹੜੀ ਧਰਮ ਨਿਰਪੇਖਤਾ ਦੇ ਨਾਂ 'ਤੇ ਤੁਹਾਨੂੰ ਧੋਖੇ ਦੇ ਰਹੀ ਹੈ। ਕੁਝ ਚਿਰ ਪਹਿਲੇ ਇਥੇ ਇਕ ਮਸਜਿਦ ਹੁੰਦੀ ਸੀ, ਕਿਸ ਨੇ ਢਾਹੀ? ਸਰਕਾਰ ਕੋਲੋਂ ਪੁੱਛੋ, ਜਿਸ ਨੇ ਚੁੱਪ ਕਰਕੇ ਤਮਾਸ਼ਬੀਨੀ ਕੀਤੀ। ਸੂਰਤ ਸ਼ਹਿਰ ਵਿਚ ਇਕ ਫਿਰਕੇ ਦੀਆਂ ਔਰਤਾਂ ਨੂੰ ਨੰਗਿਆਂ ਕਰਕੇ ਜਲੂਸ ਕੱਢਿਆ ਗਿਆ, ਦੁਨੀਆਂ ਭਰ ਦੇ ਲੋਕਾਂ ਨੇ ਟੀ. ਵੀ. ਰਾਹੀਂ ਸਭ ਕੁਝ ਵੇਖਿਆ, ਇਹ ਕਿਸ ਲਈ ਸ਼ਰਮ ਦੀ ਗੱਲ ਸੀ? ਬੰਬ ਧਮਾਕੇ ਹੋਏ। ਇਹ ਕਿਸ ਦੀ ਜ਼ਿੰਮੇਂਵਾਰੀ ਸੀ? ਇਹ ਬਹੁਤ ਸਾਰੇ ਸਵਾਲ ਹਨ, ਜੋ ਪ੍ਰਸਿੱਧ ਫਿਲਮਸਾਜ਼ ਮਨੀ ਰਤਨਮ ਵਲੋਂ ਬਣਾਈ ਗਈ ਫਿਲਮ 'ਬੰਬਈ' ਵਿਚ ਉਠਾਏ ਗਏ ਹਨ। ਇਹ ਫਿਲਮ ਤਾਮਿਲ, ਤੇਲਗੂ ਅਤੇ ਹਿੰਦੀ ਵਿਚ ਬਣਾਈ ਗਈ ਹੈ। ਤਾਮਿਲ ਅਤੇ ਤੇਲਗੂ ਵਿਚ ਇਹ ਫਿਲਮ ਰਿਲੀਜ਼ ਵੀ ਹੋ ਗਈ ਹੈ ਅਤੇ ਟਿਕਟ ਖਿੜਕੀ 'ਤੇ ਇਹ ਬਹੁਤ ਸਫਲਤਾ ਲੈ ਰਹੀ ਹੈ। ਇਸ ਫਿਲਮ ਦੀ ਸਫਲਤਾ ਦਾ ਕਾਰਨ ਸਮਕਾਲੀ ਵਰਤਾਰੇ ਬਾਰੇ ਬੇਬਾਕ ਟਿੱਪਣੀ ਹੈ। ਆਮ ਤੌਰ 'ਤੇ ਫਿਲਮਾਂ ਬਣਾਉਣ ਵਾਲੇ ਵਾਦ-ਵਿਵਾਦ ਵਾਲੇ ਮਸਲਿਆਂ 'ਤੇ ਫਿਲਮਾਂ ਬਣਾਉਣ ਤੋਂ ਸੰਕੋਚ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਹਮੇਸ਼ਾ ਸੈਂਸਰ ਦਾ ਡਰ ਰਹਿੰਦਾ ਹੈ। ਚੰਗੀ ਫਿਲਮ ਬਣਾਉਣ ਦੇ ਕਾਰਜ ਵਿਚ ਇਹ ਇਕ ਵੱਡੀ ਰੁਕਾਵਟ ਹੈ। ਫਿਲਮਾਂ ਨਾਲ ਜੁੜੇ ਨਿਰਮਾਤਾ ਦਲੀਲ ਦਿੰਦੇ ਹਨ ਕਿ ਉਨ੍ਹਾਂ ਮਸਲਿਆਂ 'ਤੇ ਸਾਹਿਤ ਵੀ ਮਿਲਦਾ ਹੈ ਤੇ ਅਖ਼ਬਾਰਾਂ ਵਿਚ ਬੜਾ ਕੁਝ ਮਿਲਦਾ ਹੈ, ਫੇਰ ਫਿਲਮਾਂ ਲਈ ਕਿਉਂ ਰੁਕਾਵਟ ਪਾਈ ਜਾਂਦੀ ਹੈ? ਪੰਜਾਬ ਵਿਚ 12-13 ਸਾਲ ਜੋ ਵਰਤਾਰਾ ਚੱਲਿਆ ਹੈ, ਇਹਦੇ ਬਾਰੇ ਫਿਲਮਾਂ ਬਣਨੀਆਂ ਜ਼ਰੂਰੀ ਹਨ ਕਿਉਂਕਿ ਖੁੱਲ੍ਹ ਕੇ ਇਸ ਵਰਤਾਰੇ ਬਾਰੇ ਚਰਚਾ ਹੋਵੇ। ਬਹੁਤ ਸਾਰਾ ਸਾਹਿਤ ਇਸ ਵਰਤਾਰੇ ਬਾਰੇ ਮਿਲਦਾ ਵੀ ਹੈ। ਲੋੜ ਹੈ ਕਿ ਫਿਲਮਾਂ ਵੀ ਬਣਨ। ਫਿਲਮ 'ਬੰਬਈ' ਜੇਕਰ ਸਫਲਤਾ ਲੈ ਸਕਦੀ ਹੈ ਤੇ ਪੰਜਾਬ ਦੇ ਵਿਸ਼ੇ 'ਤੇ ਫਿਲਮ ਵੀ ਜ਼ਰੂਰ ਸਫਲ ਹੋਵੇਗੀ। ਫਿਲਮਾਂ ਸਿਰਫ ਪਿਆਰ ਅਤੇ ਇਸ਼ਕ ਦੇ ਵਿਸ਼ੇ ਤਕ ਹੀ ਮਹਿਦੂਦ ਨਹੀਂ ਰਹਿਣੀਆਂ ਚਾਹੀਦੀਆਂ।

**ਕਮਾਲ ਦਾ ਕੰਮ**

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਇਕ ਬਹੁਤ ਹੀ ਮਹੱਤਵ ਪੂਰਨ ਕੇਂਦਰ ਹੈ। ਅਕੈਡਮੀ ਦੀਆਂ ਪਿਛਲੇ ਦੋ ਸਾਲ ਦੀਆਂ ਪ੍ਰਾਪਤੀਆਂ ਵਿਚ ਸਭ ਤੋਂ ਵੱਡੀ ਪ੍ਰਾਪਤੀ ਅਕੈਡਮੀ ਦੀ ਲਾਇਬਰੇਰੀ ਦਾ ਵਿਕਾਸ ਹੈ। ਇਹ ਲਾਇਬਰੇਰੀ ਉਸ ਥਾਂ 'ਤੇ ਭਾਵੇਂ ਪਿਛਲੇ ਤੀਹ ਸਾਲਾਂ ਤੋਂ ਚੱਲ ਰਹੀ ਸੀ ਪਰ ਪਿਛਲੇ ਦੋ ਸਾਲਾਂ ਵਿਚ ਇਹਨੇ ਨਵਾਂ ਰੂਪ ਧਾਰ ਲਿਆ ਹੈ, ਅਕੈਡਮੀ ਵਲੋਂ ਸ੍ਰੀ ਪ੍ਰੇਮ ਸਿੰਘ ਬਜਾਜ ਜੋ ਜਗਰਾਉਂ ਕਾਲਜ ਦੇ ਰਿਟਾਇਰਡ ਪ੍ਰਿੰਸੀਪਲ ਹਨ, ਲਾਇਬਰੇਰੀ ਦੇ ਇੰਚਾਰਜ ਥਾਪੇ ਗਏ ਹਨ। ਉਨ੍ਹਾਂ ਦੀ ਅਣਥਕ ਮਿਹਨਤ ਦਾ ਨਤੀਜਾ ਹੈ ਕਿ ਇਹ ਲਾਇਬਰੇਰੀ ਪੰਜਾਬੀ ਸਾਹਿਤ ਅਤੇ ਖੋਜ ਦਾ ਇਕ ਵੱਡਾ ਕੇਂਦਰ ਬਣ ਗਈ ਹੈ। ਇਸ ਲਾਇਬਰੇਰੀ ਵਿਚ ਹੁਣ ਛੇ ਯੂਨੀਵਰਸਿਟੀਆਂ-ਦਿੱਲੀ, ਕੁਰੂਕਸ਼ੇਤਰ, ਪੰਜਾਬ, ਪੰਜਾਬੀ, ਗੁਰੂ ਨਾਨਕ ਦੇਵ ਅਤੇ ਜੰਮੂ ਯੂਨੀਵਰਸਿਟੀਆਂ ਦੇ ਡੀ. ਲਿੱਟ, ਪੀ. ਐਚ. ਡੀ., ਐਮ. ਫਿੱਲ, ਐਮ. ਏ. ਦੇ ਥੀਸਸ ਅਤੇ ਖੋਜ ਪੱਤਰ ਸਾਰੇ ਦੇ ਸਾਰੇ ਇਕ ਥਾਂ ਇਕੱਠੇ ਕਰ ਦਿੱਤੇ ਗਏ ਹਨ। ਪ੍ਰਿੰਸੀਪਲ ਬਜਾਜ ਨੇ ਇਹ ਕੰਮ ਇਨ੍ਹਾਂ ਯੂਨੀਵਰਸਿਟੀਆਂ ਦੇ ਸਾਬਕਾ ਅਤੇ ਹੁਣ ਦੇ ਪ੍ਰੋਫੈਸਰਾਂ ਦੀ ਮਦਦ ਨਾਲ ਕੀਤਾ ਹੈ। ਪ੍ਰੋਫੈਸਰਾਂ ਜਿਨ੍ਹਾਂ ਦੀ ਨਿਗਰਾਨੀ ਵਿਚ ਵਿਦਿਆਰਥੀਆਂ ਨੇ ਰੀਸਰਚ ਕੀਤੀ, ਉਨ੍ਹਾਂ ਕੋਲ ਖੋਜ ਪੱਤਰਾਂ ਦੀ ਇਕ ਇਕ ਕਾਪੀ ਹੁੰਦੀ ਹੈ। ਇਹ ਕਾਪੀਆਂ ਨਿੱਜੀ ਸੰਪਰਕ ਕਰਕੇ ਲਈਆਂ ਗਈਆਂ ਹਨ।

ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਨੇ ਵੀ ਮਦਦ ਕੀਤੀ ਹੈ। ਇਸੇ ਤਰ੍ਹਾਂ ਗੁਰਬਾਣੀ ਦੇ ਵੱਖ ਵੱਖ ਟੀਕੇ ਅਤੇ ਵਿਆਖਿਆਵਾਂ ਵੀ ਉਪਲੱਬਧ ਕੀਤੇ ਗਏ ਹਨ। ਪੰਜਾਬ ਦੇ ਵਿਦਵਾਨਾਂ ਨੇ ਵੀ ਆਪਣੀਆਂ ਨਿੱਜੀ ਲਾਇਬਰੇਰੀਆਂ ਵਿਚੋਂ ਕਿਤਾਬਾਂ ਦਿੱਤੀਆਂ ਹਨ। ਲਾਇਬਰੇਰੀ ਦੀਆਂ ਕਿਤਾਬਾਂ ਬੜੇ ਹੀ ਸੁੱਚਜੇ ਢੰਗ ਨਾਲ ਅਲਮਾਰੀਆਂ ਵਿਚ ਜੋੜੀਆਂ ਗਈਆਂ ਹਨ। ਸਚਮੁੱਚ ਹੀ ਇਹ ਕਿਤਾਬਾਂ ਇਕ ਪਵਿੱਤਰ ਥਾਂ ਦਾ ਪ੍ਰਭਾਵ ਦੇਂਦੀਆਂ ਹਨ। ਇਹੋ ਜਿਹੇ ਚੰਗੇ ਅਤੇ ਕਮਾਲ ਦੇ ਕੰਮ ਹੀ ਪੰਜਾਬ ਦੇ ਸਭਿਆਚਾਰ ਦਾ ਭਵਿੱਖ ਹਨ।

**ਡੇਢ ਲੱਖ ਲੋਕਾਂ ਤਕ ਸ਼ਹੀਦ ਭਗਤ ਸਿੰਘ ਦਾ ਸੁਨੇਹਾ**

23 ਮਾਰਚ ਉਹ ਦਿਨ ਹੈ, ਜਦੋਂ ਸਾਡੇ ਲੋਕ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਯਾਦ ਕਰਦੇ ਹਨ। ਅਤੇ ਇਨਕਲਾਬ ਅਤੇ ਬਰਾਬਰੀ ਦਾ ਸੁਨੇਹਾ ਸੁਣਦੇ ਹਨ। ਪੰਜਾਬ ਦੀ ਪ੍ਰਮੁੱਖ ਸਭਿਆਚਾਰਕ ਸੰਸਥਾ 'ਪਲਸ ਮੰਚ' ਨੇ ਇਸ ਵਾਰ ਮਾਰਚ ਦੇ ਮਹੀਨੇ ਆਪਣੀਆਂ ਅੱਠ ਟੀਮਾਂ ਵਲੋਂ ਵਿਉਂਤਬੰਦ ਤਰੀਕੇ ਨਾਲ 122 ਥਾਵਾਂ 'ਤੇ ਸਮਾਗਮ ਕੀਤੇ ਅਤੇ ਡੇਢ ਲੱਖ ਲੋਕਾਂ ਨੂੰ ਸ਼ਹੀਦਾਂ ਦਾ ਸੁਨੇਹਾ ਪਹੁੰਚਾਇਆ ਅਤੇ ਇਕ ਭਲਾਈ ਚੇਤਨਾ ਨੂੰ ਪਰਚੰਡ ਕੀਤਾ। ਚੰਗੇ ਇਨਸਾਫ ਵਾਲੇ ਸਮਾਜ ਲਈ ਇਹ ਚੇਤਨਾ ਜ਼ਰੂਰੀ ਹੈ। 'ਪਲਸ ਮੰਚ' ਦੀ ਇਹ ਦੇਣ ਪ੍ਰਸ਼ੰਸਾ ਦੀ ਹੱਕਦਾਰ ਹੈ।